# Telephone conversation between Prime Minister and the President of Russian Federation
## 02 July2020

## ਪ੍ਰਧਾਨ ਮੰਤਰੀ ਅਤੇ ਰੂਸੀ ਸੰਘ ਦੇ ਰਾਸ਼ਟਰਪਤੀ ਵਿਚਕਾਰ ਟੈਲੀਫੋਨ 'ਤੇ ਹੋਈ ਗੱਲਬਾਤ

2 ਜੁਲਾਈ, 2020

ਸ਼੍ਰੀ ਨਰਿੰਦਰ ਮੋਦੀ ਨੇ 2 ਜੁਲਾਈ, 2020 ਨੂੰ ਰੂਸੀ ਸੰਘ ਦੇ ਰਾਸ਼ਟਰਪਤੀ ਮਹਾਂਮਹਿਮ ਵਲਦੀਮੀਰ ਪੁਤਿਨ ਨਾਲ ਫੋਨ 'ਤੇ ਗੱਲਬਾਤ ਕੀਤੀ।

ਪ੍ਰਧਾਨ ਮੰਤਰੀ ਨੇ ਰਾਸ਼ਟਰਪਤੀ ਪੁਤਿਨ ਨੂੰ ਦੂਜੀ ਕੌਮਾਂਤਰੀ ਜੰਗ ਵਿਚ ਮਿਲੀ ਜਿੱਤ ਦੇ 75ਵੇਂ ਸਾਲਾਨਾ ਜਸ਼ਨ ਦੀ ਕਾਮਯਾਬੀ ਅਤੇ ਰੂਸ ਵਿੱਚ ਸੰਵਿਧਾਨਕ ਬਦਲਾਅ ਬਾਰੇ ਹੋਈ ਵੋਟਿੰਗ ਦੀ ਕਾਮਯਾਬੀ 'ਤੇ ਨਿੱਘੀ ਵਧਾਈ ਦਿੱਤੀ।

ਪ੍ਰਧਾਨ ਮੰਤਰੀ ਨੇ 24 ਜੂਨ 2020 ਨੂੰ ਮਾਸਕੋ ਵਿੱਚ ਹੋਈ ਫੌਜੀ ਪਰੇਡ ਵਿੱਚ ਇੱਕ ਭਾਰਤੀ ਟੁਕੜੀ ਦੇ ਸ਼ਾਮਲ ਹੋਣ ਨੂੰ ਭਾਰਤ ਅਤੇ ਰੂਸ ਦੇ ਲੋਕਾਂ ਦੀ ਪੱਕੀ ਦੋਸਤੀ ਦੇ ਪ੍ਰਤੀਕ ਵਜੋਂ ਯਾਦ ਕੀਤਾ।

ਦੋਨਾਂ ਨੇਤਾਵਾਂ ਨੇ ਵਿਸ਼ਵ ਪੱਧਰ 'ਤੇ ਫੈਲੀ ਕੋਵਿਡ -19 ਮਹਾਂਮਾਰੀ ਦੇ ਮਾਰੂ ਨਤੀਜਿਆਂ ਨਾਲ ਨਜਿੱਠਣ ਲਈ ਦੋਵਾਂ ਦੇਸ਼ਾਂ ਦੁਆਰਾ ਚੁੱਕੇ ਗਏ ਕਾਰਗਰ ਕਦਮਾਂ ਦਾ ਨੋਟ ਲਿਆ ਅਤੇ ਕੋਵਿਡ ਤੋਂ ਬਾਅਦ ਦੀ ਦੁਨੀਆ ਦੀ ਚੁਣੌਤੀਆਂ ਨਾਲ ਸਾਂਝੇ ਤੌਰ 'ਤੇ ਨਜਿੱਠਣ ਲਈ ਭਾਰਤ-ਰੂਸ ਦੇ ਨੇੜਲੇ ਸੰਬੰਧਾਂ ਦੇ ਮਹੱਤਵ 'ਤੇ ਸਹਿਮਤੀ ਪ੍ਰਗਟਾਈ।

ਉਨ੍ਹਾਂ ਨੇ ਦੁਵੱਲੇ ਸੰਪਰਕ ਅਤੇ ਵਿਚਾਰ ਵਟਾਂਦਰੇ ਦੀ ਗਤੀ ਨੂੰ ਕਾਇਮ ਰੱਖਣ 'ਤੇ ਸਹਿਮਤੀ ਪ੍ਰਗਟ ਕੀਤੀ, ਜਿਸ ਪ੍ਰਕ੍ਰਿਆ ਦੇ ਨਤੀਜੇ ਵਜੋਂ ਭਾਰਤ ਵਿੱਚ ਸਾਲਾਨਾ ਦੁਵੱਲਾ ਸ਼ਿਖਰ ਸੰਮੇਲਨ ਹੋਵੇਗਾ। ਪ੍ਰਧਾਨ ਮੰਤਰੀ ਨੇ ਭਾਰਤ ਵਿਚ ਦੁਵੱਲੇ ਸ਼ਿਖਰ ਸੰਮੇਲਨ ਵਿੱਚ ਭਾਗ ਲੈਣ ਆਉਣ 'ਤੇ ਰਾਸ਼ਟਰਪਤੀ ਪੁਤਿਨ ਦਾ ਸਵਾਗਤ ਕਰਨ ਦੀ ਆਪਣੀ ਇੱਛਾ ਪ੍ਰਗਟਾਈ।

ਰਾਸ਼ਟਰਪਤੀ ਪੁਤਿਨ ਨੇ ਇਸ ਫੋਨ ਕਾਲ ਲਈ ਪ੍ਰਧਾਨ ਮੰਤਰੀ ਨੂੰ ਧੰਨਵਾਦ ਦਿੱਤਾ ਅਤੇ ਸਾਰੇ ਖੇਤਰਾਂ ਵਿੱਚ ਦੋਵਾਂ ਦੇਸ਼ਾਂ ਦੀ ਵਿਸ਼ੇਸ਼ ਅਤੇ ਅਧਿਕਾਰਤ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ।

ਨਵੀਂ ਦਿੱਲੀ
2 ਜੁਲਾਈ, 2020

DISCLAIMER : This is an approximate translation. The original is available in English on MEA's website and may be referred to as the official press release.